بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَ نُصَلِّی عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡد

لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in      ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਫ਼ਤਹਿ ਮੱਕਾ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 04 ਜੁਲਾਈ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਫ਼ਤਹਿ ਮੱਕਾ ਦੇ ਬਾਰੇ ਮੱਕੇ ਵਿੱਚ ਦਾਖ਼ਿਲ ਹੋਣ ਦੇ ਹਾਲਾਤਾਂ ਦਾ ਜ਼ਿਕਰ ਪਿਛਲੇ ਖ਼ੁਤਬੇ ਵਿੱਚ ਹੋਇਆ ਸੀ। ਇਸ ਦੀ ਹੋਰ ਤਫ਼ਸੀਲ ਇਸ ਤਰ੍ਹਾਂ ਹੈ ਇਬਨਿ ਇਸਹਾਕ਼ ਨੇ ਲਿਖਿਆ ਹੈ ਕਿ ਅਬੂ ਸੁਫ਼ਯਾਨ ਖ਼ੁਦਾ ਤਆਲਾ ਦੀਆਂ ਫ਼ੌਜਾਂ ਨੂੰ ਦੇਖ ਕੇ ਵਾਪਿਸ ਪਹੁੰਚ ਗਿਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਹਰੀ ਪੋਸ਼ਾਕ ਵਾਲੇ ਦਸਤੇ ਦੇ ਨਾਲ ਆਏ। ਇਬਨਿ ਸਾਅਦ ਨੇ ਲਿਖਿਆ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੀ ਊਠਣੀ ਕ਼ਸਵਾ ‘ਤੇ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਉਸੈਦ ਬਿਨ ਹੁਜ਼ੈਰ ਰਜ਼ਿ ਅੱਲਾਹੁ ਅਨਹੁ ਦੇ ਦਰਮਿਆਨ ਸਨ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਵੇਲੇ ਸੂਰਃ ਫ਼ਤਿਹ ਪੜ੍ਹ ਰਹੇ ਸਨ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੱਕੇ ਵਿੱਚ ਦਾਖ਼ਿਲ ਹੋਏ ਤਾਂ ਲੋਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਜ਼ਿਆਰਤ ਦੇ ਲਈ ਆਏ, ਨਿਮਰਤਾ ਦੀ ਵਜ੍ਹਾ ਨਾਲ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਸਿਰ ਆਪਣੀ ਊਠਣੀ ਦੀ ਕਜਾਵੇ ਨੂੰ ਛੂਹ ਰਿਹਾ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਾਲੇ ਰੰਗ ਦੀ ਪਗੜੀ ਬੰਨ੍ਹੀ ਹੋਈ ਸੀ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਝੰਡਾ ਵੀ ਕਾਲਾ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਇਹ ਸ਼ਬਦ ਫ਼ਰਮਾ ਰਹੇ ਸਨ أَللّٰهُمَّ إِنَّ الْعَيْشَ عَيْشُ الْآخِرَةِ ਐ ਅੱਲਾਹ! ਯਕ਼ੀਨਨ ਅਸਲ ਜ਼ਿੰਦਗੀ ਤਾਂ ਆਖ਼ਿਰਤ ਦੀ ਜ਼ਿੰਦਗੀ ਹੈ। ਅਦਲ ਅਤੇ ਇਨਸਾਫ਼ ਦਾ ਇੱਕ ਹੋਰ ਪਹਿਲੂ ਇਹ ਸੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਪਿੱਛੇ ਆਪਣੇ ਆਜ਼ਾਦ ਕੀਤੇ ਗ਼ੁਲਾਮ ਹਜ਼ਰਤ ਜ਼ੈਦ ਬਿਨ ਹਾਰਸਾ ਰਜ਼ਿ ਅੱਲਾਹੁ ਅਨਹੁ ਦੇ ਬੇਟੇ ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ਿ ਅੱਲਾਹੁ ਅਨਹੁ ਨੂੰ ਬਿਠਾਇਆ ਹੋਇਆ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ 20 ਰਮਜ਼ਾਨੁਲ ਮੁਬਾਰਕ ਨੂੰ ਮੱਕੇ ਵਿੱਚ ਦਾਖ਼ਿਲ ਹੋਏ, ਉਸ ਵੇਲੇ ਸੂਰਜ ਕੁੱਝ ਚੜ੍ਹ ਚੁੱਕਿਆ ਸੀ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਇਹ ਉੱਚਾ ਸਥਾਨ ਜਿਹੜਾ ਖ਼ੁਦਾ ਤਆਲਾ ਦੇ ਖ਼ਾਸ ਬੰਦਿਆਂ ਨੂੰ ਦਿੱਤਾ ਜਾਂਦਾ ਹੈ ਉਹ ਨਿਮਰਤਾ ਦੇ ਰੰਗ ਵਿੱਚ ਹੁੰਦਾ ਹੈ ਅਤੇ ਸ਼ੈਤਾਨ ਦਾ ਉੱਚਾ ਸਥਾਨ ਹਉਮੈ ਨਾਲ ਮਿਲਿਆ ਹੋਇਆ ਸੀ। ਦੇਖੋ ਸਾਡੇ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਦ ਮੱਕੇ ਨੂੰ ਫ਼ਤਿਹ ਕੀਤਾ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸੇ ਤਰ੍ਹਾਂ ਆਪਣਾ ਸਿਰ ਝੁਕਾਇਆ ਅਤੇ ਸਜਦਾ ਕੀਤਾ ਜਿਸ ਤਰ੍ਹਾਂ ਉਹਨਾਂ ‘ਤੇ ਮੁਸੀਬਤਾਂ ਅਤੇ ਮੁਸ਼ਕਿਲਾਂ ਦੇ ਦਿਨਾਂ ਵਿੱਚ ਝੁਕਾਉਂਦੇ ਅਤੇ ਸਜਦਾ ਕਰਦੇ ਸਨ। ਜਦ ਉਸੇ ਮੱਕੇ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਹਰ ਤਰ੍ਹਾਂ ਦੀ ਮੁਖ਼ਾਲਫ਼ਤ ਕੀਤੀ ਜਾਂਦੀ ਅਤੇ ਦੁੱਖ ਦਿੱਤਾ ਜਾਂਦਾ ਸੀ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੇਖਿਆ ਕਿ ਮੈਂ ਕਿਸ ਹਾਲਤ ਵਿੱਚ ਇੱਥੋਂ ਗਿਆ ਸੀ ਅਤੇ ਕਿਸ ਹਾਲਤ ਵਿੱਚ ਹੁਣ ਆਇਆ ਹਾਂ ਤਾਂ

ਆਪ ਦਾ ਦਿਲ ਖ਼ੁਦਾ ਤਆਲਾ ਦੇ ਸ਼ੁਕਰ ਨਾਲ਼ ਭਰ ਗਿਆ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਖ਼ੁਦਾ ਤਆਲਾ ਦੇ ਹਜ਼ੂਰ ਸਜਦਾ ਕੀਤਾ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੱਕੇ ਵਿੱਚ ਦਾਖ਼ਿਲ ਹੋਏ ਤਾਂ ਲੋਕਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲੋਂ ਪੁੱਛਿਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕਿੱਥੇ ਠਹਿਰੋਗੇ ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੀ ਅਕ਼ੀਲ ਨੇ ਸਾਡੇ ਲਈ ਕੋਈ ਮਕਾਨ ਛੱਡਿਆ ਵੀ ਹੈ? ਯਾਨੀ ਮੇਰੇ ਸ਼ਰੀਕਾਂ ਨੇ ਮੇਰੀ ਸਾਰੀ ਜਾਇਦਾਦ ਵੇਚ ਖਾਧੀ ਹੈ। ਫਿਰ ਫ਼ਰਮਾਇਆ ਕਿ ਅਸੀਂ ਖ਼ੈਫ਼ ਬਨੀ ਕਨਾਨਾ ਵਿੱਚ ਠਹਿਰਾਂਗੇ। ਇਹ ਮੱਕੇ ਦਾ ਇੱਕ ਮੈਦਾਨ ਸੀ ਜਿੱਥੇ ਕ਼ੁਰੈਸ਼ ਅਤੇ ਬਨੀ ਕਨਾਨਾ ਨੇ ਮਿਲ਼ ਕੇ ਕ਼ਸਮਾਂ ਖਾਧੀਆਂ ਸਨ ਕਿ ਜਦ ਤੱਕ ਬਨੂ ਹਾਸ਼ਿਮ ਅਤੇ ਬਨੂ ਅਬਦੁਲ ਮੁੱਤਲਿਬ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੂੰ ਫੜ ਕੇ ਸਾਡੇ ਹਵਾਲੇ ਨਾ ਕਰ ਦੇਣ ਅਤੇ ਉਹਨਾਂ ਦਾ ਸਾਥ ਨਾ ਛੱਡ ਦੇਣ ਉਹਨਾਂ ਦੇ ਨਾਲ਼ ਨਾ ਸ਼ਾਦੀ ਵਿਆਹ ਕਰਾਂਗੇ ਅਤੇ ਨਾ ਵਪਾਰ ਕਰਾਂਗੇ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਿਨ ਦਾ ਕੁੱਝ ਹਿੱਸਾ ਆਪਣੇ ਖ਼ੇਮੇ ਵਿੱਚ ਰਹੇ, ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੀ ਊਠਣੀ ਕ਼ਸਵਾ ਨੂੰ ਮੰਗਵਾਇਆ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਹਥਿਆਰ ਲੈ ਕੇ ਅਤੇ ਕਵਚ ਪਹਿਨ ਕੇ ਊਠਣੀ 'ਤੇ ਸਵਾਰ ਹੋਏ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਸਨ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਨਾਂ ਦੇ ਨਾਲ਼ ਗੱਲਾਂ ਕਰ ਰਹੇ ਸਨ।

ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਜਦ ਮੱਕੇ ਵਿੱਚ ਦਾਖ਼ਿਲ ਹੋਏ ਤਾਂ ਖ਼ਾਨਿ ਕਾਅਬਾ ਦੇ ਆਲ਼ੇ ਦੁਆਲ਼ੇ 360 ਬੁੱਤ ਸਨ। ਹੁਬਲ ਉਹਨਾਂ ਵਿੱਚੋਂ ਸਭ ਤੋਂ ਵੱਡਾ ਬੁੱਤ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹੱਥ ਵਿੱਚ ਕਮਾਨ ਸੀ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਜਦ ਕਿਸੇ ਬੁੱਤ ਦੇ ਕੋਲੋਂ ਲੰਘਦੇ ਤਾਂ ਬੁੱਤ ਦੀ ਅੱਖ ਵਿੱਚ ਆਪਣੀ ਕਮਾਨ ਮਾਰਦੇ ਅਤੇ ਫ਼ਰਮਾਉਂਦੇ جَآءَ الْحَقُّ وَزَهَقَ الْبَاطِلُ إِنَّ الْبَاطِلَ كَانَ زَهُوْقًا ਯਾਨੀ ਹੱਕ਼ (ਸੱਚ) ਆ ਗਿਆ ਅਤੇ ਬਾਤਿਲ (ਝੂਠ) ਭੱਜ ਗਿਆ ਅਤੇ ਯਕ਼ੀਨਨ ਬਾਤਿਲ (ਝੂਠ) ਤਾਂ ਭੱਜਣ ਦੇ ਲਈ ਹੀ ਹੈ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਖ਼ਾਨਿ ਕਾਅਬਾ ਦੇ ਕੋਲ਼ ਪਹੁੰਚ ਗਏ ਅਤੇ ਉਸਨੂੰ ਦੇਖਿਆ, ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਸਵਾਰੀ ਦੇ ਨਾਲ਼ ਅੱਗੇ ਵਧੇ ਅਤੇ ਆਪਣੀ ਛੜੀ ਦੇ ਨਾਲ਼ ਹਜਰਿ ਅਸਵਦ ਨੂੰ ਛੂਹਿਆ ਅਤੇ ਅੱਲਾਹੁ ਅਕਬਰ ਕਿਹਾ। ਮੁਸਲਮਾਨਾਂ ਨੇ ਵੀ ਨਾਅਰਇ ਤਕਬੀਰ ਲਾਏ ਇਥੋਂ ਤੱਕ ਕਿ ਮੱਕੇ ਦੀ ਫ਼ਜ਼ਾ ਨਾਅਰਇ ਤਕਬੀਰ ਦੇ ਨਾਅਰਿਆਂ ਨਾਲ਼ ਗੂੰਜ ਉੱਠੀ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹਾਬਾ ਨੂੰ ਰੋਕਿਆ। ਕਾਫ਼ਿਰ ਪਹਾੜਾਂ 'ਤੋਂ ਇਹ ਮੰਜ਼ਰ ਦੇਖ ਰਹੇ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬੈਤੁੱਲਾਹ ਦਾ ਤਵਾਫ਼ ਕੀਤਾ, ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਊਠਣੀ ਦੀ ਨਕੇਲ ਫੜੀ ਹੋਈ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੀ ਸਵਾਰੀ ਤੋਂ ਉੱਤਰ ਆਏ। ਇੱਕ ਰਿਵਾਇਤ ਵਿੱਚ ਹੈ ਕਿ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਉਮਰ ਬਿਨ ਖ਼ੱਤਾਬ ਰਜ਼ਿ ਅੱਲਾਹੁ ਅਨਹੁ ਨੂੰ ਹੁਕਮ ਦਿੱਤਾ ਕਿ ਉਹ ਖ਼ਾਨਿ ਕਾਅਬਾ ਵਿੱਚ ਜਾਣ ਅਤੇ ਉਸ ਵਿੱਚ ਮੌਜੂਦ ਹਰ ਤਸਵੀਰ ਨੂੰ ਮਿਟਾ ਦੇਣ। ਜਦ ਤੱਕ ਖ਼ਾਨਿ ਕਾਅਬਾ 'ਚੋਂ ਹਰ ਤਸਵੀਰ ਮਿਟਾ ਨਾ ਦਿੱਤੀ ਗਈ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਵਿੱਚ ਦਾਖ਼ਿਲ ਨਹੀਂ ਹੋਏ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮਕ਼ਾਮਿ ਇਬਰਾਹੀਮ 'ਤੇ ਆਏ ਅਤੇ ਦੋ ਰਕਅਤਾਂ ਅਦਾ ਕੀਤੀਆਂ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਜ਼ਮਜ਼ਮ ਦੇ ਕੋਲ਼ ਤਸ਼ਰੀਫ਼ ਲੈ ਗਏ, ਹਜ਼ਰਤ ਅੱਬਾਸ ਬਿਨ ਅਬਦੁਲ ਮੁੱਤਲਿਬ ਰਜ਼ਿ ਅੱਲਾਹੁ ਅਨਹੁ ਜਾਂ ਹਜ਼ਰਤ ਅਬੂ ਸੁਫ਼ਯਾਨ ਬਿਨ ਹਾਰਿਸ ਬਿਨ ਅਬਦੁਲ ਮੁੱਤਲਿਬ ਰਜ਼ਿ ਅੱਲਾਹੁ ਅਨਹੁ ਨੇ ਇੱਕ ਡੋਲ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਲਈ ਕੱਢਿਆ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਪਾਣੀ ਨੂੰ ਪੀਤਾ ਅਤੇ ਉਸ ਨਾਲ਼ ਵਜ਼ੂ ਕੀਤਾ।

ਸਹਾਬਾ ਛੇਤੀ ਛੇਤੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਵਜ਼ੂ ਦਾ ਪਾਣੀ ਆਪਣੀ ਹਥੇਲੀਆਂ ‘ਤੇ ਲੈਣ ਲੱਗੇ। ਸਹਾਬਾ ਉਹ ਪਾਣੀ ਆਪਣੇ ਚਿਹਰਿਆਂ ‘ਤੇ ਪਾ ਰਹੇ ਸਨ। ਕਾਫ਼ਿਰ ਇਹ ਮੰਜ਼ਰ ਦੇਖ ਰਹੇ ਸਨ ਅਤੇ ਅਚੰਭਿਤ ਹੋ ਕੇ ਕਹਿਣ ਲੱਗੇ ਅਸੀਂ ਇੰਨੇ ਵੱਡੇ ਬਾਦਸ਼ਾਹ ਦੇ ਬਾਰੇ ਨਾ ਸੁਣਿਆ ਹੈ ਅਤੇ ਨਾ ਦੇਖਿਆ ਹੈ।

ਜਦ ਹੁਬਲ ਬੁੱਤ ਨੂੰ ਸੁੱਟਿਆ ਗਿਆ ਤਾਂ ਹਜ਼ਰਤ ਜ਼ੁਬੈਰ ਬਿਨ ਅਵਾਮ ਨੇ ਅਬੂ ਸੁਫ਼ਯਾਨ ਨੂੰ ਕਿਹਾ ਕਿ ਹੁਬਲ ਨੂੰ ਸੁੱਟ ਦਿੱਤਾ ਗਿਆ ਹੈ। ਤੁਸੀਂ ਉਹਦ ਦੇ ਦਿਨ ਹੁਬਲ ਦਾ ਨਾਮ ਲੈ ਕੇ ਬੜੇ ਹਉਮੈ ਨਾਲ਼ ਦਾਅਵਾ ਕਰ ਰਹੇ ਸੀ। ਅਬੂ ਸੁਫ਼ਯਾਨ ਨੇ ਕਿਹਾ ਕਿ ਐ ਇਬਨਿ ਅਵਾਮ! ਹੁਣ ਉਹਨਾਂ ਗੱਲਾਂ ਨੂੰ ਜਾਣ ਦੇ, ਕਿਉਂਕਿ ਮੈਂ ਜਾਣ ਲਿਆ ਹੈ ਕਿ ਜੇਕਰ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਖ਼ੁਦਾ ਦੇ ਸਿਵਾ ਵੀ ਕੋਈ ਖ਼ੁਦਾ ਹੁੰਦਾ ਤਾਂ ਉਹ ਨਾ ਹੁੰਦਾ ਜੋ ਅੱਜ ਹੋਇਆ ਹੈ।

ਇਸ ਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਖ਼ਾਨਿ ਕਾਅਬਾ ਦੀ ਇੱਕ ਨੁੱਕਰ ਵਿੱਚ ਬੈਠ ਗਏ ਅਤੇ ਲੋਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਲ਼ੇ ਦੁਆਲ਼ੇ ਜਮ੍ਹਾ ਸਨ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਇਸ ਮੌਕ਼ੇ ‘ਤੇ ਤਲਵਾਰ ਸੌਂਤੇ ਆਪ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਖੜੇ ਸਨ। ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਮਾਨ ਬਿਨ ਤਲਹਾ ਰਜ਼ਿ ਅੱਲਾਹੁ ਅਨਹੁ ਨੂੰ ਬੁਲਾਇਆ ਤੇ ਫ਼ਰਮਾਇਆ ਕਿ ਮੇਰੇ ਕੋਲ਼ ਖ਼ਾਨਿ ਕਾਅਬਾ ਦੀ ਚਾਬੀ ਲਿਆਓ। ਉਹ ਆਪਣੀ ਵਾਲਿਦਾ ਦੇ ਕੋਲ਼ ਗਏ ਤਾਂ ਉਸਨੇ ਚਾਬੀ ਦੇਣ ਤੋਂ ਇਨਕਾਰ ਕਰ ਦਿੱਤਾ। ਹਜ਼ਰਤ ਉਸਮਾਨ ਬਿਨ ਤਲਹਾ ਰਜ਼ਿ ਅੱਲਾਹੁ ਅਨਹੁ ਨੇ ਉਸਨੂੰ ਕਿਹਾ ਕਿ ਜੇਕਰ ਤੂੰ ਚਾਬੀ ਨਹੀਂ ਦੇਵੇਂਗੀ ਤਾਂ ਇਹ ਤਲਵਾਰ ਮੇਰੀ ਪਿੱਠ ਦੇ ਆਰ ਪਾਰ ਹੋਵੇਗੀ। ਬਹਰਹਾਲ ਉਹਨਾਂ ਦੀ ਵਾਲਿਦਾ ਨੇ ਚਾਬੀ ਦੇ ਦਿੱਤੀ। ਉਹ ਚਾਬੀ ਲੈ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆਏ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਚਾਬੀ ਉਹਨਾਂ ਨੂੰ ਵਾਪਸ ਦੇ ਦਿੱਤੀ ਅਤੇ ਉਹਨਾਂ ਨੇ ਬੂਹਾ ਖੋਲ੍ਹਿਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਸਾਮਾ ਬਿਨ ਜ਼ੈਦ ਰਜ਼ਿ ਅੱਲਾਹੁ ਅਨਹੁ ਅਤੇ ਬਿਲਾਲ ਬਿਨ ਰਬਾਹ ਰਜ਼ਿ ਅੱਲਾਹੁ ਅਨਹੁ ਨੂੰ ਨਾਲ਼ ਲੈ ਕੇ ਖ਼ਾਨਿ ਕਾਅਬਾ ਦੇ ਅੰਦਰ ਤਸ਼ਰੀਫ਼ ਲੈ ਗਏ। ਖ਼ਾਨਿ ਕਾਅਬਾ ਦਾ ਕਲੀਦ ਬਰਦਾਰ (ਚਾਬੀ ਰੱਖਣ ਵਾਲ਼ਾ) ਉਸਮਾਨ ਬਿਨ ਤਲਹਾ ਰਜ਼ਿ ਅੱਲਾਹੁ ਅਨਹੁ ਵੀ ਨਾਲ਼ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਾਅਬੇ ਦਾ ਬੂਹਾ ਬੰਦ ਕਰ ਦਿੱਤਾ ਅਤੇ ਦੇਰ ਤੱਕ ਅੰਦਰ ਰਹੇ ਅਤੇ ਉਹ ਉੱਥੇ ਦੋ ਰਕਅਤ ਨਮਾਜ਼ ਅਦਾ ਕੀਤੀ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਇਹ ਗੱਲ ਯਾਦ ਰੱਖੋ ਕਿ ਜਿਵੇਂ ਬੈਤੁੱਲਾਹ ਵਿੱਚ ਹਜਰਿ ਅਸਵਦ ਪਿਆ ਹੋਇਆ ਹੈ ਇਸੇ ਤਰ੍ਹਾਂ ਦਿਲ ਸੀਨੇ ਵਿੱਚ ਪਿਆ ਹੋਇਆ ਹੈ। ਬੈਤੁੱਲਾਹ ‘ਤੇ ਇਹ ਵੀ ਇੱਕ ਜ਼ਮਾਨਾ ਆਇਆ ਹੋਇਆ ਸੀ ਕਿ ਕਾਫ਼ਿਰਾਂ ਨੇ ਉਥੇ ਬੁੱਤ ਰੱਖ ਦਿੱਤੇ ਸਨ ਮੁਮਕਿਨ ਸੀ ਕਿ ਬੈਤੁੱਲਾਹ ‘ਤੇ ਇਹ ਜ਼ਮਾਨਾ ਨਾ ਆਉਂਦਾ ਪਰ ਨਹੀਂ, ਅੱਲਾਹ ਤਆਲ਼ਾ ਨੇ ਉਸਨੂੰ ਇੱਕ ਉਦਾਹਰਣ ਦੇ ਤੌਰ ‘ਤੇ ਰੱਖਿਆ। ਇਨਸਾਨੀ ਦਿਲ ਵੀ ਇੱਕ ਹਜਰਿ ਅਸਵਦ ਦੀ ਤਰ੍ਹਾਂ ਹੈ ਅਤੇ ਉਸਦਾ ਸੀਨਾ ਵੀ ਬੈਤੁੱਲਾਹ ਦੀ ਤਰ੍ਹਾਂ ਹੈ। ਸਿਵਾਏ ਅੱਲਾਹ ਦੇ, ਖ਼ਿਆਲਾਤ ਉਹ ਬੁੱਤ ਹਨ ਜਿਹੜੇ ਇਸ ਕਾਅਬੇ ਵਿੱਚ ਰੱਖੇ ਗਏ ਹਨ। ਮੱਕਾ ਮੁਕੱਰਮਾ ਦੇ ਬੁੱਤਾਂ ਦਾ ਕ਼ਲਾ ਕ਼ਮਾ ਉਸ ਵੇਲ਼ੇ ਹੋਇਆ ਸੀ ਜਦ ਸਾਡੇ ਰਸੂਲ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ 10 ਹਜ਼ਾਰ ਪਾਕ ਲੋਕਾਂ ਦੀ ਜਮਾਅਤ ਦੇ ਨਾਲ਼ ਉੱਥੇ ਜਾ ਪਏ ਸਨ ਅਤੇ ਮੱਕਾ ਫ਼ਤਿਹ ਹੋ ਗਿਆ ਸੀ। ਇਨ੍ਹਾਂ 10 ਹਜ਼ਾਰ ਸਹਾਬਾ ਨੂੰ ਪਹਿਲੀਆਂ ਕਿਤਾਬਾਂ ਵਿੱਚ ਫ਼ਰਿਸ਼ਤੇ ਲਿਖਿਆ ਹੈ ਅਤੇ ਹਕ਼ੀਕ਼ਤ ਵਿੱਚ ਉਹਨਾਂ ਦੀ ਸ਼ਾਨ ਫ਼ਰਿਸ਼ਤਿਆਂ ਵਰਗੀ ਹੀ ਸੀ। ਇਨਸਾਨੀ ਤਾਕ਼ਤ ਵੀ ਇੱਕ ਤਰ੍ਹਾਂ ਫਰਿਸ਼ਤਿਆਂ ਦਾ ਹੀ ਦਰਜਾ ਰੱਖਦੀ ਹੈ ਕਿਉਂਕਿ ਜਿਵੇਂ ਫ਼ਰਿਸ਼ਤੇ ਦੀ ਇਹ ਸ਼ਾਨ ਹੈ ਕਿ يَفْعَلُوْنَ مَا يُؤْمَرُوْنَ ਇਸੇ ਤਰ੍ਹਾਂ ਇਨਸਾਨੀ ਤਾਕ਼ਤ ਦਾ ਵੀ ਇਹ ਖ਼ਾਸਾ ਹੈ, ਜੋ ਹੁਕਮ ਉਸਨੂੰ ਦਿੱਤਾ ਜਾਵੇ ਉਸ ਦੀ ਤਾਮੀਲ ਕਰਦੀ ਹੈ।

ਫ਼ਤਹਿ ਮੱਕਾ ਦੇ ਮੌਕ਼ੇ ‘ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕ਼ੁਰੈਸ਼ ਨੂੰ ਫ਼ਰਮਾਇਆ ਕਿ ਐ ਕ਼ੁਰੈਸ਼! ਤੁਸੀਂ ਕੀ ਖ਼ਿਆਲ ਕਰਦੇ ਹੋ ਕਿ ਮੈਂ ਤੁਹਾਡੇ ਨਾਲ਼ ਕੀ ਸਲੂਕ ਕਰਾਂਗਾ? ਕ਼ੁਰੈਸ਼ ਨੇ ਕਿਹਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਜੋ ਕੁੱਝ ਕਰੋਗੇ ਬਿਹਤਰ ਕਰੋਗੇ ਤੁਸੀਂ ਸਤਿਕਾਰਯੋਗ ਭਾਈ ਅਤੇ ਸਤਿਕਾਰਯੋਗ ਭਾਈ ਦੇ ਬੇਟੇ ਹੋ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜਾਓ ਤੁਸੀਂ ਸਭ ਆਜ਼ਾਦ ਹੋ। ਲੋਕ ਆਮ ਮੁਆਫ਼ੀ ਦਾ ਐਲਾਨ ਸੁਣ

ਕੇ ਇਸ ਤਰ੍ਹਾਂ ਨਿਕਲੇ ਜਿਵੇਂ ਉਸੇ ਵੇਲੇ ਕ਼ਬਰਾਂ ‘ਚੋਂ ਨਿਕਲੇ ਹੋਣ ਅਤੇ ਉਹਨਾਂ ਨੇ ਇਸਲਾਮ ਕ਼ਬੂਲ ਕਰਨਾ ਸ਼ੁਰੂ ਕਰ ਦਿੱਤਾ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਸਾਰੇ ਕਾਫ਼ਿਰ ਗਿਰਫ਼ਤਾਰ ਕਰ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਹਮਣੇ ਪੇਸ਼ ਕੀਤੇ ਗਏ ਅਤੇ ਕਾਫ਼ਿਰਾਂ ਨੇ ਖ਼ੁਦ ਆਪਣੇ ਮੂੰਹ ਨਾਲ ਉਸ ਵੇਲੇ ਇਕ਼ਰਾਰ ਕੀਤਾ ਕਿ ਅਸੀਂ ਆਪਣੇ ਸਖ਼ਤ ਜੁਰਮਾਂ ਦੇ ਕਾਰਨ ਵਾਜਿਬੁਲ ਕ਼ਤਲ ਹਾਂ ਅਤੇ ਆਪਣੇ ਆਪ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਰਹਿਮ ਦੇ ਸਪੁਰਦ ਕਰਦੇ ਹਾਂ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਭ ਨੂੰ ਬਖ਼ਸ਼ ਦਿੱਤਾ। ਹਜ਼ੂਰ ਅਲੈਹਿੱਸ੍ ਸਲਾਮ ਇੱਕ ਜਗ੍ਹਾ ਹੋਰ ਫ਼ਰਮਾਉਂਦੇ ਹਨ ਕਿ ਹਾਲਾਂਕਿ ਜੇਕਰ ਉਹਨਾਂ ਨੂੰ ਸਜ਼ਾ ਦਿੱਤੀ ਜਾਂਦੀ ਤਾਂ ਇਹ ਬਿਲਕੁਲ ਇਨਸਾਫ਼ ਅਤੇ ਅਦਲ ਸੀ ਪਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਵੇਲੇ ਆਪਣੇ ਅਫ਼ਵ ਅਤੇ ਕਰਮ ਦਾ ਨਮੂਨਾ ਦਿਖਾਇਆ। ਇਹ ਉਹ ਗੱਲਾਂ ਸਨ ਕਿ ਚਮਤਕਾਰਾਂ ਦੇ ਇਲਾਵਾ ਸਹਾਬਾ ‘ਤੇ ਅਸਰ ਅੰਦਾਜ਼ ਹੋਈਆਂ ਸਨ ਇਸ ਲਈ ਆਪ ਮੁਹੰਮਦ ਹੋ ਗਏ ਸਨ। ਆਪ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਜਦ ਤੱਕ ਇਨਸਾਨ ਇਸ ਕਿ਼ਸਮ ਦੇ ਅਖ਼ਲਾਕ਼ ਆਪਣੇ ਅੰਦਰ ਪੈਦਾ ਨਹੀਂ ਕਰਦਾ ਕੁੱਝ ਫ਼ਾਇਦਾ ਨਹੀਂ ਹੁੰਦਾ। ਅੱਲਾਹ ਤਆਲਾ ਦੀ ਮੁਹੱਬਤ ਕਾਮਿਲ ਤੌਰ ‘ਤੇ ਇਨਸਾਨ ਆਪਣੇ ਅੰਦਰ ਪੈਦਾ ਨਹੀਂ ਕਰ ਸਕਦਾ ਜਦ ਤੱਕ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਅਖ਼ਲਾਕ਼ ਅਤੇ ਤਰਜ਼ਿ ਅਮਲ ਨੂੰ ਆਪਣਾ ਰਹਿਬਰ ਅਤੇ ਹਾਦੀ ਨਾ ਬਣਾ ਲਵੇ।

اَللّٰهُمَّ صَلِّ عَلٰى مُحَمَّدٍ وَّ عَلٰى اٰلِ مُحَمَّدٍ

ਹਜ਼ੂਰ ਅਨਵਰ ਨੇ ਫ਼ਰਮਾਇਆ ਆਇੰਦਾ ਬਾਕ਼ੀ ਹਿੱਸੇ ਬਾਅਦ ਵਿੱਚ ਬਿਆਨ ਕਰਾਂਗਾ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਸੱਯਦਾ ਲੁਬਨਾ ਅਹਿਮਦ ਸਾਹਿਬਾ ਅਹਲੀਆ ਸੱਯਦ ਮੌਲੂਦ ਅਹਮਦ ਸਾਹਿਬ ਦਾ ਜ਼ਿਕਰਿ ਖ਼ੈਰ ਫ਼ਰਮਾਇਆ ਜਿਹੜੀ ਸਾਹਿਬਜ਼ਾਦੀ ਅਮਤੁਲ ਹਕੀਮ ਬੇਗਮ ਸਾਹਿਬਾ ਅਤੇ ਸੱਯਦ ਦਾਊਦ ਮੁਜ਼ੱਫਰ ਸ਼ਾਹ ਸਾਹਿਬ ਦੀ ਨੂੰਹ ਸਨ। ਫ਼ਰਮਾਇਆ ਉਹਨਾਂ ਦਾ ਨਿਕਾਹ ਹਜ਼ਰਤ ਖ਼ਲੀਫ਼ਤੁਲ ਮਸੀਹ ਸਾਲਿਸ ਰਹਮਤੁੱਲਾਹਿ ਅਲੈਹਿ ਨੇ ਪੜ੍ਹਾਇਆ ਸੀ ਅਤੇ ਨਸੀਹਤ ਕਰਦੇ ਹੋਏ ਫ਼ਰਮਾਇਆ ਸੀ ਕਿ ਸ਼ਾਦੀਸ਼ੁਦਾ ਰਿਸ਼ਤੇ ਦਰਖ਼ਤ ਦੀ ਪਿਉਂਦ ਦੀ ਤਰ੍ਹਾਂ ਹੁੰਦੇ ਹਨ ਜਿਨ੍ਹਾਂ ਨੂੰ ਸ਼ੁਰੂ ਵਿੱਚ ਬੜਾ ਸੰਭਾਲ ਕੇ ਰੱਖਣਾ ਪੈਂਦਾ ਹੈ। ਕ਼ੁਰਆਨ ਕਰੀਮ ਦੀ ਹਿਦਾਇਤ ਦੇ ਮੁਤਾਬਿਕ਼ ਇਸ ਪਿਉਂਦ ਨੂੰ ਕ਼ੌਲਿ ਸਦੀਦ ਦੇ ਧਾਗੇ ਨਾਲ ਬੰਨ੍ਹਣਾ ਪੈਂਦਾ ਹੈ ਤਦ ਜਾ ਕੇ ਇਸ ਦੀ ਹਿਫ਼ਾਜ਼ਤ ਹੁੰਦੀ ਹੈ ਅਤੇ ਇਸ ਦੀ ਜ਼ਿੰਮੇਦਾਰੀ ਨਾ ਸਿਰਫ਼ ਮੀਆਂ ਬੀਵੀ ‘ਤੇ ਬਲਕਿ ਉਹਨਾਂ ਦੇ ਖ਼ਾਨਦਾਨਾਂ ‘ਤੇ, ਉਹਨਾਂ ਦੇ ਮਾਹੌਲ ‘ਤੇ ਬਲਕਿ ਉਹਨਾਂ ਦੇ ਦੋਸਤਾਂ ‘ਤੇ ਵੀ ਹੁੰਦੀ ਹੈ ਕਿਉਂਕਿ ਬਹੁਤ ਸਾਰੀਆਂ ਖ਼ਰਾਬੀਆਂ ਬਦ ਗੁਮਾਨਾਂ ਦੇ ਨਤੀਜਿਆਂ ਜਾਂ ਚੁਗ਼ਲੀਆਂ ਦੇ ਨਤੀਜੇ ਵਿੱਚ ਜਾਂ ਬੇਸਬਰੀ ਦੇ ਨਤੀਜੇ ਵਿੱਚ ਜਾਂ ਤੈਸ਼ ਦੇ ਨਤੀਜੇ ਵਿੱਚ ਪੈਦਾ ਹੋ ਜਾਂਦੀਆਂ ਹਨ ਅਤੇ ਉਹਨਾਂ ਨੂੰ ਰੋਕਣ ਲਈ ਕ਼ੌਲਿ ਸਦੀਦ ਇੱਕ ਬਹੁਤ ਹੀ ਮਜ਼ਬੂਤ ਧਾਗਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੈਂ ਕਹਿ ਸਕਦਾ ਹਾਂ ਕਿਉਂਕਿ ਰਿਸ਼ਤੇਦਾਰੀ ਵੀ ਸੀ ਕਿ ਹਜ਼ਰਤ ਖ਼ਲੀਫ਼ਤੁਲ ਮਸੀਹ ਸਾਲਿਸ ਰਹਮਤੁੱਲਾਹਿ ਅਲੈਹਿ ਦੇ ਇਹਨਾਂ ਲਫ਼ਜ਼ਾਂ ਨੂੰ ਮੁਹਤਰਮਾ ਲੁਬਨਾ ਸਾਹਿਬਾ ਨੇ ਆਪਣੇ ਰਿਸ਼ਤਿਆਂ ਦੇ ਹੱਕ਼ ਵਿੱਚ ਨਿਭਾਉਣ ਦੀ ਅਤੇ ਸੰਭਾਲਣ ਦੀ ਕੋਸ਼ਿਸ਼ ਕੀਤੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਹ ਮੇਰੀ ਅਹਲੀਆ ਦੀ ਭਾਬੀ ਵੀ ਸਨ। ਇਸੇ ਤਰ੍ਹਾਂ ਹਜ਼ੂਰ ਅਨਵਰ ਨੇ ਮੁਕੱਰਮਾ ਨਾਜ਼ਮੂਨ ਬੀਬੀ ਜ਼ੁਬੈਰ ਸਾਹਿਬਾ ਅਹਲੀਆ ਮੁਹੰਮਦ ਸ਼ਫ਼ੀਅ ਜ਼ੁਬੈਰ ਸਾਹਿਬ ਆਫ਼ ਜਰਮਨੀ ਦਾ ਵੀ ਜ਼ਿਕਰਿ ਖ਼ੈਰ ਕੀਤਾ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਦੋਹਾਂ ਦੀ ਮਗ਼ਫ਼ਿਰਤ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّاٰتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ اَنْ لَّآ اِلٰهَ اِلَّا اللّٰهُ وَحْدَهٗ لَا شَرِيْكَ لَهٗ وَنَشْهَدُ اَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ ۞